**ਪ੍ਰ13.** ਗੁਆਚਿਆ ਮੁੰਡਾ ਨਾਵਲ ਵਿੱਚ ਨਾਵਲਕਾਰ ਕੀ ਦੱਸਣਾ ਚਾਹੁੰਦਾ ਹੈ? ਵਿਸਥਾਰ ਵਿੱਚ ਲਿਖੋ।

**ਜਾਂ**

ਗੁਆਚਿਆ ਮੁੰਡਾ ਨਾਵਲ ਵਿੱਚ ਕਿਸ ਸਮੱਸਿਆ ਬਾਰੇ ਦੱਸਿਆ ਗਿਆ ਹੈ? **(10)**

**ਪ੍ਰ14.** ਗੁਆਚਿਆ ਮੁੰਡਾ ਨਾਵਲ ਦਾ ਮੁੱਖ ਪਾਤਰ ਕਿਹੜਾ ਹੈ? ਉਸਦਾ ਸੁਭਾਅ ਆਪਣੇ ਸ਼ਬਦਾਂ ਵਿੱਚ ਲਿਖੋ। **(5)**

**ਪ੍ਰ15.** 'ਅਨਪੜ੍ਹ ਬੰਦਾ ਤਾਂ ਨਿਰਾ ਢੌਰ ਹੁੰਦਾ ਹੈ, ਉਸ ਨੂੰ ਜਮਾਨੇ ਦੀ ਸੂਝ ਨਹੀਂ ਆ ਸਕਦੀ।'

ੳ) ਉਪਰਕੋਤ ਟੂਕ ਕਿਸ ਕਹਾਣੀ ਵਿੱਚੋਂ ਹੈ? ਕਹਾਣੀਕਾਰ ਦਾ ਨਾਂ ਵੀ ਲਿਖੋ।
ਅ) ਉਪਰੋਕਤ ਵਿਚਾਰ ਕਿਸਨੇ ਕਹੇ ਹਨ ਤੇ ਕਿਉਂ ਕਹੇ ਹਨ?
ੲ) ਢੋਰ ਸ਼ਬਦ ਦੇ ਕੀ ਅਰਥ ਹਨ?
ਸ) ਵਿੱਦਿਆ ਦੇ ਲਾਭ ਲਿਖੋ। **(5)**

**ਪ੍ਰ16.** ਗੁਰਮਤਿ ਕਾਵਿ-ਧਾਰਾ ਦੇ ਨਿਕਾਸ ਤੇ ਵਿਕਾਸ ਬਾਰੇ ਜਾਣਕਾਰੀ ਦਿਓ।

**ਜਾਂ**

ਸੂਫੀ ਕਾਵਿ-ਧਾਰਾ ਬਾਰੇ ਤੁਸੀਂ ਕੀ ਜਾਣਦੇ ਹੋ? **(10)**

**ਪ੍ਰ6. ਹੇਠਾਂ ਲਿਖੇ ਅਖਾਣ ਕਿਹੜੇ ਮੌਕਿਆਂ ਤੇ ਵਰਤੇ ਜਾਂਦੇ ਹਨ?** **(2)**

1. ਘਰ ਦੀ ਕੁਕੜੀ ਦਾਲ ਬਰਾਬਰ
2. ਛੋਟਾ ਮੂੰਹ ਤੇ ਵੱਡੀ ਗੱਲ

**ਪ੍ਰ7. ਹੇਠਾਂ ਲਿਖੇ ਪੈਰ੍ਹੇ ਨੂੰ ਸਹੀ ਵਿਸ਼ਰਾਮ ਚਿੰਨ ਲਗਾਓ।** **(3)**

ਆਹਾ! ਤੁਸੀਂ ਤਾਂ ਕਮਾਲ ਹੀ ਕਰ ਦਿੱਤੀ ਹੈ ਚਿਤੱਰਕਾਰੀ ਵਿੱਚ ਪਹਿਲਾ ਇਨਾਮ ਪ੍ਰਾਪਤ ਕਰਕੇ ਮਨਿੰਦਰ ਬੋਲਿਆ।

**ਪ੍ਰ8. ਹੇਠਾਂ ਲਿਖੇ ਵਾਕਾਂ ਨੂੰ ਸ਼ੁੱਧ ਕਰਕੇ ਲਿਖੋ:** **(6)**

1. ਤੁਸੀਂ ਨੇ ਕਿਤਾਬ ਪੜ੍ਹੀ।
2. ਕਿਸ਼ਨ ਤੁਰਦਾ ਹੈ ਬਹੁਤ ਤੇਜ਼।
3. ਤੁਸੀਂ ਕੀ ਦਿੱਲੀ ਜਾਉਗੇ
4. ਤੂੰ ਤੇ ਮੈਂ ਹੱਸ ਰਹੇ ਹਨ।
5. ਮੈਂ ਇੱਕ ਪੈਨ ਤੇ ਦੋ ਕਾਪੀਆਂ ਖਰੀਦੇ।
6. ਬੱਚਿਆਂ ਨੇ ਖੇਡਾਂ ਖੇਡੇ।

**ਪ੍ਰ9. ਹੇਠਾਂ ਲਿਖੀਆਂ ਕਾਵਿ-ਸੱਤਰਾਂ ਨੂੰ ਧਿਆਨ ਨਾਲ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਲਿਖੋ:** **(5)**

ਕੁਦਰਤ ਅਦਲ-ਬਦਲ ਤੇ ਹੱਸੀ,
ਨਵੀਂ ਸੜਕ ਨਵਿਆਂ ਨੂੰ ਦੱਸੀ
ਸਹਿਮ ਗੁਲਾਮੀ ਅੰਦਰ ਵੜ ਗਈ,
ਆਜ਼ਾਦੀ ਕੋਠੇ ਤੇ ਚੜ੍ਹ ਗਈ,
ਲਿਆ ਮੋਰਚਾ ਮਾਰ
ਸਮੇਂ ਦੀ ਨਵੀਓਂ ਨਵੀਂ ਬਹਾਰ

ੳ) ਉਪਰੋਕਤ ਸਤਰਾਂ ਕਿਸ ਕਵਿਤਾ ਵਿੱਚੋਂ ਹਨ? ਕਵੀ ਦਾ ਨਾਂ ਵੀ ਲਿਖੋ।
ਅ) ਕੁਦਰਤ ਕਿਉਂ ਹੱਸੀ ਹੈ?
ੲ) ਗੁਲਾਮੀ ਦੀ ਕੀ ਹਾਲਤ ਹੋਈ ਹੈ?
ਸ) ਕਿਸ ਨੂੰ ਸਫ਼ਲਤਾ ਪ੍ਰਾਪਤ ਹੋਈ ਹੈ?

**ਪ੍ਰ10.** 'ਰਾਖੇ' ਕਵਿਤਾ ਦਾ ਸਾਰ ਲਿਖੋ। **(5)**

**ਜਾਂ**

'ਧੀ' ਕਵਿਤਾ ਦਾ ਸਾਰ ਲਿਖੋ।

**ਪ੍ਰ11.** ਵਿਸਾਖੀ ਦਾ ਮੇਲਾ ਕਵਿਤਾ ਵਿੱਚ ਕਿਹੜੇ ਸਭਿਆਚਾਰ ਦੀ ਝਲਕ ਮਿਲਦੀ ਹੈ? **(5)**

**ਪ੍ਰ12.** ਸਵੇਰ ਹੋਣ ਤੱਕ ਕਹਾਣੀ ਵਿੱਚ ਕਿਸਾਨ ਪਰਿਵਾਰ ਦੀਆਂ ਕਿਹੜੀਆਂ ਸਮੱਸਿਆਵਾਂ ਨੂੰ ਪੇਸ਼ ਕੀਤਾ ਗਿਆ ਹੈ?

**ਜਾਂ**

ਤਿੰਨ ਦਿਨ ਦਾ ਬੇਈਮਾਨ ਕਹਾਣੀ ਵਿੱਚ ਲੇਖਕ ਕੀ ਕਹਿਣਾ ਚਾਹੁੰਦਾ ਹੈ? **(5)**

# BUDHA DAL PUBLIC SCHOOL PATIALA (28 Sept.15)

**UNIT - I**

**Class - XII**

**Paper - Punjabi**

**(Set - B)**

**Time: 3 hrs.** **MM: 100**

**ਪ੍ਰ1. ਹੇਠਾਂ ਲਿਖੇ ਪੈਰ੍ਹੇ ਨੂੰ ਧਿਆਨ ਨਾਲ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਲਿਖੋ।** **(10)**

ਮਿੱਠਾ ਬੋਲਣਾ ਸਭ ਚੰਗਿਆਈਆਂ ਦਾ ਮੂਲ ਹੈ। ਮਿੱਠਾ ਬੋਲਣ ਵਾਲਾ ਕਿਤੇ ਧੋਖਾ ਨਹੀਂ ਖਾਂਦਾ। ਮਿਠਾਸ ਵਿੱਚ ਏਨੀ ਸ਼ਕਤੀ ਹੈ ਕਿ ਗੁੱਸੇ ਨੂੰ ਵੀ ਸ਼ਾਂਤ ਕਰ ਦਿੰਦੀ ਹੈ। ਭਾਈ ਗੁਰਦਾਸ ਜੀ ਅੱਗ ਤੇ ਪਾਣੀ ਦੀ ਉਦਾਹਰਨ ਦਿੰਦੇ ਹੋਏ ਆਖਦੇ ਹਨ ਕਿ ਅੱਗ ਦੀਆਂ ਲਪਟਾ ਉੱਪਰ ਵੱਲ ਨੂੰ ਜਾਂਦੀਆਂ ਹਨ ਪਰੰਤੂ ਉਹਨਾਂ ਦਾ ਕੋਈ ਲਾਭ ਨਹੀਂ ਪਾਣੀ ਹਮੇਸ਼ਾਂ ਨੀਵੇਂ ਵੱਲ ਨੂੰ ਵਹਿੰਦਾ ਹੈ। ਉਹ ਅੱਗ ਵਾਂਗ ਗਰਮ ਨਹੀਂ ਬਲਕਿ ਠੰਡਾ ਹੁੰਦਾ ਹੈ। ਕੋਈ ਕਿੰਨਾ ਵੀ ਮਹਾਨ ਵਿਦਵਾਨ ਹੋਵੇ, ਜੇ ਉਸ ਵਿੱਚ ਨਿਮਰਤਾ ਤੇ ਮਿਠਾਸ ਨਹੀਂ, ਵਿਦਵਤਾ ਵਿਅਰਥ ਹੈ। ਨਿਮਰਤਾ ਦੀ ਉਦਾਹਰਨ ਗੁਰਬਾਣੀ ਵਿੱਚੋਂ ਵੀ ਇੰਜ ਮਿਲਦੀ ਹੈ ਕਿ ਤੱਕੜੀ ਦੇ ਜਿਹੜੇ ਪੱਲੜੇ ਵਿੱਚ ਭਾਰ ਪਾ ਕੇ ਤੋਲਿਆ ਜਾਵੇ ਉਹੀ ਪੱਲੜਾ ਨੀਵਾਂ ਹੋ ਜਾਂਦਾ ਹੈ। ਜਿਹੜੇ ਵਿਅਕਤੀ ਵਿੱਚ ਗੁਣ ਹੋਣਗੇ, ਉਸ ਵਿੱਚ ਵੀ ਨਿਮਰਤਾ ਹੋਵੇਗੀ।

ੳ) ਉਪਰੋਕਤ ਪੈਰ੍ਹੇ ਦਾ ਸਿਰਲੇਖ ਕੀ ਹੈ?

ਅ) ਪਾਣੀ ਦਾ ਨੀਵੇਂ ਵੱਲ ਨੂੰ ਵਹਿਣਾ ਉਸ ਦੇ ਕਿਹੜੇ ਸੁਭਾਅ ਨੂੰ ਦਰਸਾਉਂਦਾ ਹੈ?

ੲ) ਚੰਗਿਆਈਆਂ ਦਾ ਮੂਲ ਤੱਤ ਕੀ ਦੱਸਿਆ ਗਿਆ ਹੈ?

ਸ) ਮਿਠਾਸ ਦੀ ਕਿਹੜੀ ਸ਼ਕਤੀ ਬਾਰੇ ਦੱਸਿਆ ਹੈ?

ਹ) ਗੁਣਾਂ ਨਾਲਭਰਪੂਰ ਵਿਅਕਤੀ ਵਿੱਚ ਕਿਹੜਾ ਗੁਣ ਵਿਸ਼ੇਸ਼ ਹੁੰਦਾ ਹੈ?

**ਪ੍ਰ2. ਹੇਠਾਂ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇਕ ਵਿਸ਼ੇ ਤੇ 200-250 ਸ਼ਬਦਾਂ ਦਾ ਲੇਖ ਲਿਖੋ।** **(10)**

ਗੁਰੂ ਨਾਨਕ ਦੇਵ ਜੀ

ਭ੍ਰਿਸ਼ਟਾਚਾਰ

ਮਨੁੱਖ ਤੇ ਵਿਗਿਆਨ

ਵਿਦਿਆਰਥੀ ਤੇ ਅਨੁਸ਼ਾਸਨ

**ਪ੍ਰ3.** ਤੁਹਾਡੇ ਇਲਾਕੇ ਵਿੱਚ ਸਫ਼ਾਈ ਦਾ ਪ੍ਰਬੰਧ ਨਹੀਂ ਹੈ। ਇਸ ਸੰਬੰਧੀ ਕਿਸੇ ਅਖ਼ਬਾਰ ਦੇ ਸੰਪਾਦਕ ਨੂੰ ਪੱਤਰ ਲਿਖੋ। **(8)**

**ਜਾਂ**

ਤੁਹਾਡੇ ਇਲਾਕੇ ਵਿੱਚ ਬਸ ਸੇਵਾ ਠੀਕ ਨਹੀਂ ਹੈ। ਇਸ ਸੰਬੰਧੀ ਕਿਸੇ ਅਖ਼ਬਾਰ ਦੇ ਸੰਪਾਦਕ ਨੂੰ ਪੱਤਰ ਲਿਖੋ।

**ਪ੍ਰ4.** ਤੁਹਾਡਾ ਪਲਾਟ ਵਿਕਾਊ ਹੈ ਇਸ ਸੰਬੰਧੀ ਕਿਸੇ ਅਖ਼ਬਾਰ ਵਿੱਚ ਭੇਜਣ ਲਈ ਇਸ਼ਤਿਹਾਰ ਤਿਆਰ ਕਰੋ। **(8)**

**ਜਾਂ**

ਤੁਹਾਡੇ ਭਰਾ ਨੂੰ ਸਲਾਨਾ ਇਮਤਿਹਾਨ ਵਿੱਚ ਚੰਗੇ ਨੰਬਰ ਲੈ ਕੇ ਪਾਸ ਹੋਣ ਤੇ ਈ-ਮੇਲ ਭੇਜੋ।

**ਪ੍ਰ5. ਹੇਠਾਂ ਲਿਖੇ ਮੁਹਾਵਰਿਆਂ ਵਿੱਚੋਂ ਤਿੰਨ ਨੂੰ ਵਾਕਾਂ ਵਿੱਚ ਵਰਤੋ:** **(3)**

ਸਿਰ ਸਿਹਰਾ ਆਉਣਾ, ਆਪਣਾ ਉੱਲੂ ਸਿੱਧਾ ਕਰਨਾ, ਉੱਨੀ ਇੱਕੀ ਦਾ ਫਰਕ ਹੋਣਾ, ਹਵਾਈ ਕਿਲ੍ਹੇ ਉਸਾਰਨਾ

**ਪ੍ਰ13.** ਗੁਆਚਿਆ ਮੁੰਡਾ ਨਾਵਲ ਦਾ ਵਿਸ਼ਾ ਕੀ ਹੈ?

**ਜਾਂ**

ਗੁਆਚਿਆ ਮੁੰਡਾ ਨਾਵਲ ਵਿੱਚ ਨਾਵਲਕਾਰ ਨੇ ਕਿਸ ਸੱਮਸਿਆ ਨੂੰ ਪੇਸ਼ ਕੀਤਾ ਹੈ। **(10)**

**ਪ੍ਰ14.** ਘੋਗੇ ਦੇ ਸੁਭਾਅ ਬਾਰੇ ਤੁਸੀਂ ਕੀ ਜਾਣਦੇ ਹੋ? **(5)**

**ਪ੍ਰ15.** ਉਹਨਾਂ ਦੀ ਗੱਲ ਛੱਡ, ਉਹ ਤਾਂ ਕਈ ਪਾਸਿਆਂ ਤੋਂ ਪੈਸੇ ਕੁਤਰਦੇ ਰਹਿੰਦੇ ਨੇ ਅਸੀਂ ਘੱਟੋ-ਘੱਟ ਇਮਾਨਦਾਰ ਤਾਂ ਹਾਂ।

ੳ) ਉਪਰਕੋਤ ਟੂਕ ਕਿਸ ਕਹਾਣੀ ਵਿੱਚੋਂ ਹੈ? ਕਹਾਣੀਕਾਰ ਦਾ ਨਾਂ ਵੀ ਲਿਖੋ।
ਅ) ਕਈ ਪਾਸਿਆਂ ਤੋਂ ਪੈਸੇ ਕੁਤਰਦੇ ਤੋਂ ਕੀ ਭਾਵ ਹੈ?
ੲ) ਇਸ ਟੂਕ ਵਿੱਚ ਕੌਣ ਕਿਸਦੀ ਇਮਾਨਦਾਰੀ ਦੀ ਗੱਲ ਕਰ ਰਿਹਾ ਹੈ? **(5)**

**ਪ੍ਰ16.** ਸੂਫੀ ਕਾਵਿ ਧਾਰਾ ਦੇ ਕਵੀਆਂ ਤੇ ਉਹਨਾਂ ਦੀ ਰਚਨਾ ਬਾਰੇ ਸੰਖੇਪ ਜਾਣਕਾਰੀ ਦਿਓ।

**ਜਾਂ**

ਗੁਰਮਤਿ ਕਾਵਿ ਧਾਰਾ ਦੇ ਨਿਕਾਸ ਤੇ ਵਿਕਾਸ ਬਾਰੇ ਜਾਣਕਾਰੀ ਦਿਓ। **(10)**

**ਪ੍ਰ6. ਹੇਠਾਂ ਲਿਖੇ ਅਖਾਣ ਕਿਹੜੇ ਮੌਕਿਆਂ ਤੇ ਵਰਤੇ ਜਾਂਦੇ ਹਨ?** **(2)**

1. ਗੰਗਾ ਗਏ ਗੰਗਾ ਰਾਮ, ਜਮਨਾ ਗਏ ਜਮਨਾਦਾਸ
2. ਨੱਕ ਤੇ ਮੱਖੀ ਨਾ ਬਹਿਣ ਦੇਣਾ

**ਪ੍ਰ7. ਹੇਠਾਂ ਲਿਖੇ ਪੈਰ੍ਹੇ ਨੂੰ ਸਹੀ ਵਿਸ਼ਰਾਮ ਚਿੰਨ ਲਗਾਓ।** **(3)**

ਚੰਗਾ, ਅੱਜ ਮੈਂ ਮੈਚ ਖੇਡਣ ਜਰੂਰ ਆਵਾਗਾਂ ਨਰਿੰਦਰ ਨੇ ਮੋਹਨ ਨੂੰ ਕਿਹਾ ਤੇ ਪੜ੍ਹਨ ਬੈਠ ਗਿਆ।

**ਪ੍ਰ8. ਹੇਠਾਂ ਲਿਖੇ ਵਾਕਾਂ ਨੂੰ ਸ਼ੁੱਧ ਕਰਕੇ ਲਿਖੋ:** **(6)**

1. ਮੈਂ ਤਿਆਰੀ ਕੀਤੀ ਹੈ ਬੜੀ ਇਮਤਿਹਾਨ ਦੀ।
2. ਲੜਕੇ ਲੜਕੀਆਂ ਪੜ੍ਹਦੀਆਂ ਹਨ।
3. ਜਿਹੜੇ ਗੱਜਦੇ ਹਨ, ਉਹ ਵਰਦਾ ਨਹੀਂ।
4. ਖਿਡਾਰੀਆਂ ਨੇ ਫੁੱਟਬਾਲ ਖੇਡੇ।
5. ਉਹ ਘਰ ਜਾਂਦੇ ਹਾਂ।

**ਪ੍ਰ9. ਹੇਠਾਂ ਲਿਖੀਆਂ ਕਾਵਿ-ਸੱਤਰਾਂ ਨੂੰ ਧਿਆਨ ਨਾਲ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਲਿਖੋ:** **(5)**

ਰਹੇ ਪੁਰਾਣੇ ਰੋਲਾ ਪਾਉਂਦੇ
ਨਵੇਂ ਵਧ ਗਏ ਹੱਸਦੇ ਗਾਂਦੇ
ਨੱਠ ਖਲੋਤੀ ਫ਼ਿਰਕੇਦਾਰੀ
ਮਚਲਾ ਹੋ ਗਿਆ ਚਤੁਰ ਮਦਾਰੀ
ਲੱਗਾ ਦੇਣ ਪਿਆਰ
ਸਮੇਂ ਦੀ ਨਵੀਓਂ ਨਵੀਂ ਬਹਾਰ

ੳ) ਉਪਰੋਕਤ ਸਤਰਾਂ ਕਿਸ ਕਵਿਤਾ ਵਿੱਚੋਂ ਹਨ? ਕਵੀ ਦਾ ਨਾਂ ਵੀ ਲਿਖੋ।
ਅ) ਪੁਰਾਣਿਆਂ ਨੇ ਕੀ ਕੀਤਾ?
ੲ) ਸਮੇਂ ਦੀ ਬਹਾਰ ਨਵੀਂ ਕਿਸ ਤਰ੍ਹਾਂ ਹੈ?
ਸ) ਨਵੇਂ ਕਿਸ ਤਰ੍ਹਾਂ ਅੱਗੇ ਵਧਦੇ ਗਏ?

**ਪ੍ਰ10.** 'ਨਿੱਕਾ ਰੱਬ' ਕਵਿਤਾ ਦਾ ਸਾਰ ਲਿਖੋ। **(5)**

**ਜਾਂ**

ਪੰਜਾਬ ਦੇ ਦਰਿਆ ਕਵਿਤਾ ਦਾ ਸਾਰ ਲਿਖੋ।

**ਪ੍ਰ11.** ਗੁਲਾਬ ਦੀ ਗੋਦੀ ਵਿੱਚ ਬੈਠ ਕੇ ਤ੍ਰੇਲ ਤੁਪਕੇ ਵਿੱਚ ਕੀ ਤਬਦੀਲੀ ਆਈ? ਤੇ ਅਰਸ਼ ਦੀ ਕਿਰਨ ਨੂੰ ਕਾਹਦਾ ਡਰ ਹੈ? **(5)**

**ਪ੍ਰ12.** ਰੋਲ ਨੰਬਰ ਕਹਾਣੀ ਵਿਚ ਲੇਖਕ ਨੇ ਕੀ ਕਹਿਣਾ ਚਾਹਿਆ ਹੈ? ਵਿਸਥਾਰ ਨਾਲ ਲਿਖੋ।

**ਜਾਂ**

ਕਰੁਣਾ ਕਿਸ ਕਹਾਣੀ ਦੀ ਪਾਤਰ ਹੈ? ਉਸਦਾ ਸੁਭਾਅ ਆਪਣੇ ਸ਼ਬਦਾਂ ਵਿੱਚ ਲਿਖੋ। **(5)**

# BUDHA DAL PUBLIC SCHOOL PATIALA (28 Sept.15)

**UNIT - I**

**Class - XII**

**Paper - Punjabi**

**Time: 3 hrs.** **(Set - A)** **MM: 100**

**ਪ੍ਰ1. ਹੇਠਾਂ ਲਿਖੇ ਪੈਰ੍ਹੇ ਨੂੰ ਧਿਆਨ ਨਾਲ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਲਿਖੋ।** **(10)**

ਵਤਨ ਦੇ ਪਿਆਰ ਦਾ ਮੁੱਢ ਘਰ, ਮਾਂ ਭੈਣ ਤੇ ਬੱਚਿਆਂ ਦੀ ਮਾਂ ਦਾ ਗੂੜ੍ਹਾ ਸਾਦਾ ਪਰ ਅਸਗਾਹ ਜਿਹਾ ਖਸਮਾਨਾ ਹੈ। ਇਸ ਮੁੱਢ ਥੀਂ ਵਤਨ ਦੇ ਪਿਆਰ ਦਾ ਬ੍ਰਿਛ ਉਪਜਦਾ ਹੈ। ਜੇ ਜੜ੍ਹ ਹੀ ਨਾ ਹੋਵੇ, ਤਾਂ ਜ਼ਿੰਦਗੀ ਦਾ ਫੈਲਾਓ ਕਿਸ ਤਰ੍ਹਾਂ ਹੋ ਸਕਦਾ ਹੈ? ਘਰ ਦਾ ਡੂੰਘਾ ਪਿਆਰ ਉਹਨਾਂ ਲੋਕਾਂ ਵਿੱਚ ਨਹੀਂ ਪੈ ਸਕਦਾ, ਜਿੰਨ੍ਹਾਂ ਨੇ ਇਹ ਵਿੱਦਿਆ ਪੜ੍ਹੀ ਹੋਵੇ ਕਿ ਪੰਜ ਇੰਦ੍ਰੀਆਂ ਦਾ ਜੀਵਨ ਹੀ ਇੱਕ ਦੁੱਖ ਰੂਪ ਹੈ। ਘਰ ਦਾ ਤਿਆਗ ਹੀ ਆਦਰਸ਼ ਹੈ ਤੇ ਇਸ ਦੁੱਖ ਦੀ ਨਿਵਿਰਤੀ ਵਿੱਚ ਹੀ ਕਲਿਆਣ ਹੈ। ਜਿਹੜੇ ਇਸ ਤਰ੍ਹਾਂ ਦੀ ਫਿਲਾਸਫੀ ਦੇ ਸਿਖਾਏ ਮਜ਼੍ਹਬ ਦੇ ਅੱਡੇ ਚੜ੍ਹੇ, ਉਹਨਾਂ ਨੂੰ ਘਰ ਦਾ ਮੋਹ, ਬਾਲ ਬੱਚੇ ਦਾ ਪਿਆਰ, ਮਾਂ-ਭੈਣ, ਇਸਤਰੀ ਦਾ ਸਤਿਕਾਰ ਪਾਪ ਜਿਹੇ ਭਾਸਦੇ ਹਨ। ਗੁਰੂ ਨਾਨਕ ਦੇਵ ਜੀ ਨੇ ਔਰਤ ਦੇ ਹੱਕ ਵਿੱਚ ਫਰਮਾਇਆ ਹੈ "ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ।" ਘਰ ਦਾ ਜੀਵਨ ਤੇ ਵਤਨ ਦਾ ਪਿਆਰ ਇਸਤਰੀ ਜਾਤੀ ਦੇ ਬੇਹੱਦ ਸਤਿਕਾਰ ਤੇ ਪਿਆਰ ਦੇ ਬਿਨਾਂ ਜਿਉਂਦਾ ਨਹੀਂ ਰਹਿ ਸਕਦਾ।

ੳ) ਉਪਰੋਕਤ ਪੈਰ੍ਹੇ ਦਾ ਸਿਰਲੇਖ ਕੀ ਹੈ?

ਅ) ਇਸਤਰੀ ਦੇ ਹੱਕ ਵਿੱਚ ਕਿਸ ਨੇ ਅਵਾਜ਼ ਉਠਾਈ?

ੲ) ਘਰ ਦਾ ਜੀਵਨ ਤੇ ਵਤਨ ਦਾ ਪਿਆਰ ਕਿਸ ਦੇ ਸਤਿਕਾਰ ਨਾਲ ਜਿਉਂਦਾ ਹੈ?

ਸ) ਨਿਵਿਰਤੀ ਕਲਿਆਣ ਸ਼ਬਦਾਂ ਦੇ ਅਰਥ ਲਿਖੋ।

ਹ) ਇਸਤਰੀ ਦੇ ਹੱਕ ਵਿੱਚ ਕਿਸ ਨੇ ਅਵਾਜ਼ ਉਠਾਈ?

**ਪ੍ਰ2. ਹੇਠਾਂ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇਕ ਵਿਸ਼ੇ ਤੇ 200-250 ਸ਼ਬਦਾਂ ਦਾ ਲੇਖ ਲਿਖੋ।** **(10)**

ਗੁਰੂ ਗੋਬਿੰਦ ਸਿੰਘ ਜੀ

ਦੇਸ਼ ਪਿਆਰ

ਮਹਿੰਗਾਈ

ਪੁਸਤਕਾਂ ਦਾ ਮਹੱਤਵ

**ਪ੍ਰ3.** ਤੁਹਾਡੇ ਇਲਾਕੇ ਵਿੱਚ ਸੜਕਾਂ ਟੁੱਟੀਆਂ ਭੱਜੀਆਂ ਹਨ। ਇਸ ਸੰਬੰਧੀ ਕਿਸੇ ਅਖ਼ਬਾਰ ਦੇ ਸੰਪਾਦਕ ਨੂੰ ਪੱਤਰ ਲਿਖੋ। **(8)**

**ਜਾਂ**

ਤੁਹਾਡੇ ਇਲਾਕੇ ਵਿੱਚ ਬਿਜਲੀ ਤੇ ਪਾਣੀ ਦਾ ਪ੍ਰਬੰਧ ਠੀਕ ਨਹੀਂ ਹੈ ਇਸ ਸੰਬੰਧੀ ਕਿਸੇ ਅਖ਼ਬਾਰ ਦੇ ਸੰਪਾਦਕ ਨੂੰ ਪੱਤਰ ਲਿਖੋ।

**ਪ੍ਰ4.** ਤੁਹਾਡੀ ਦੁਕਾਨ ਵਿਕਾਊ ਹੈ ਇਸ ਸੰਬੰਧੀ ਕਿਸੇ ਅਖ਼ਬਾਰ ਵਿੱਚ ਭੇਜਣ ਲਈ ਇਸ਼ਤਿਹਾਰ ਤਿਆਰ ਕਰੋ। **(8)**

**ਜਾਂ**

ਤੁਹਾਡਾ ਮਿੱਤਰ ਮੈਚ ਜਿੱਤ ਗਿਆ ਹੈ, ਉਸਨੂੰ ਵਧਾਈ ਭੇਜਣ ਲਈ ਈ-ਮੇਲ ਭੇਜੋ।

**ਪ੍ਰ5. ਹੇਠਾਂ ਲਿਖੇ ਮੁਹਾਵਰਿਆਂ ਵਿੱਚੋਂ ਤਿੰਨ ਨੂੰ ਵਾਕਾਂ ਵਿੱਚ ਵਰਤੋ:** **(3)**

ਆਟੇ ਵਿੱਚ ਲੂਣ ਹੋਣਾ, ਮਿੱਟੀ ਦਾ ਮਾਧੋ, ਜਬਾਨੀ ਜਮਾਂ ਖਰਚ ਕਰਨਾ, ਉਸਤਾਦੀ ਕਰਨੀ